# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

# ਪ੍ਰੈਸ ਨੋਟ

## ਮਾਡਲ ਟਾਊਨ ਵਾਸੀਆਂ ਨੇ ਨਵੀਆਂ ਪ੍ਰੀ-ਮਿਕਸ ਸੜਕਾਂ ਬਣਾਉਣ ਤੇ ਮੇਅਰ ਸ਼ਿਵ ਸੂਦ ਦਾ ਕੀਤਾ ਧੰਨਵਾਦ

ਹੁਸ਼ਿਆਰਪੁਰ 28 ਅਪ੍ਰੈਲ- ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਸ਼ਹਿਰ ਦੀਆਂ ਮੁੱਖ ਸੜਕਾਂ ਪ੍ਰੀ-ਮਿਕਸ ਨਾਲ ਬਣਾਉਣ ਦਾ ਕੰਮ ਜੰਗੀ ਪੱਧਰ ਤੇ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਮੇਅਰ ਸ਼ਿਵ ਸੂਦ ਨੇ ਮਾਡਲ ਟਾਊਨ ਵਿਖੇ ਸ਼ਹਿਰ ਵਾਸੀਆਂ ਦੇ ਭਾਰੀ ਇਕੱਠ ਵੱਲੋਂ ਉਹਨਾਂ ਦਾ ਧੰਨਵਾਦ ਕਰਨ ਮੌਕੇ ਦਿੱਤੀ। ਉਹਨਾਂ ਦੱਸਿਆ ਕਿ ਸ਼ਹਿਰ ਦੀਆਂ ਮੁੱਖ ਸੜਕਾਂ ਅਤੇ ਲਿੰਕ ਸੜਕਾਂ ਪ੍ਰੀ-ਮਿਕਸ ਪਾਉਣ ਦਾ ਕੰਮ ਤੇਜੀ ਨਾਲ ਕੀਤਾ ਜਾ ਰਿਹਾ ਹੈ। ਜਿਨ੍ਹਾਂ ਸੜਕਾਂ ਤੇ ਬਿਜਲੀ ਵਿਭਾਗ ਵੱਲੋਂ ਅੰਡਰ ਗਰਾਂਉਡ ਬਿਜਲੀ ਦੀਆਂ ਤਾਰਾਂ ਪਾਉਣ ਦਾ ਕੰਮ ਕੀਤਾ ਜਾਣਾ ਹੈ, ਉਹਨਾਂ ਸੜਕਾਂ ਤੇ ਪ੍ਰੀ-ਮਿਕਸ ਪਾਉਣ ਦਾ ਕੰਮ ਬਾਅਦ ਵਿਚ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਨਗਰ ਨਿਗਮ ਦੇ ਵਿਕਾਸ ਕਾਰਜਾਂ ਵਿਚ ਕੁਆਲਟੀ ਨਾਲ ਕੋਈ ਵੀ ਸਮਝੋਤਾ ਨਹੀ ਕੀਤਾ ਜਾਵੇਗਾ।

ਮਾਡਲ ਟਾਊਨ ਨਿਵਾਸੀਆਂ ਦੇ ਭਾਰੀ ਇਕੱਠ ਨੇ ਉਹਨਾਂ ਦੀ ਮੰਗ ਅਨੁਸਾਰ ਨਵੀਆਂ ਪ੍ਰੀ-ਮਿਕਸ ਸੜਕਾਂ ਬਣਾਉਣ ਤੇ ਖੁਸ਼ੀ ਦਾ ਇਜਹਾਰ ਕਰਦੇ ਹੋਏ ਮੇਅਰ ਸ਼ਿਵ ਸੂਦ ਦਾ ਧੰਨਵਾਦ ਕੀਤਾ। ਕੌਂਸਲਰ ਅਸ਼ੋਕ ਕੁਮਾਰ, ਰਮੇਸ਼ ਠਾਕੁਰ, ਕੁਲਵੰਤ ਸਿੰਘ, ਰਾਜੂ, ਰਜਿੰਦਰ ਪ੍ਰਾਸ਼ਰ, ਮਨਜੀਤ ਸਿੰਘ, ਕਮਲਜੀਤ ਡੀ.ਸੀ, ਸੁਰਿੰਦਰ ਪਾਲ, ਅਵਤਾਰ ਸਿੰਘ, ਬਿੱਟੂ, ਸੁਰਜੀਤ ਕੁਮਾਰ, ਕਸ਼ਮੀਰ ਚੰਦ, ਅਵਤਾਰ ਕੌਰ, ਜ਼ੋਗਿੰਦਰ ਪਾਲ ਮੋਦੀ, ਚਮਨ ਲਾਲ, ਰਾਮ ਕੁਮਾਰ, ਰਵਿੰਦਰ ਮੋਦੀ, ਦਰਸ਼ਨ ਕੁਮਾਰ, ਵਿਨੋਦ ਕੁਮਾਰ ਰਾਣਾ, ਚਰਨਜੀਤ ਸੇਠੀ ਅਤੇ ਮੁਹੱਲਾ ਵਾਸੀ ਵੱਡੀ ਗਿਣਤੀ ਵਿਚ ਇਸ ਮੌਕੇ ਤੇ ਹਾਜ਼ਰ ਸਨ।